# मेरा कम ना पहाड़ां विच कोई

ਮੇਰਾ ਕੰਮ ਨਾ ਪਹਾੜਾਂ ਵਿੱਚ ਕੋਈ,
ਆਵਾਂ ਜਾਵਾਂ ਤੇਰੇ ਬਦਲੇ ॥
ਤੇਰੇ ਦਰ ਉੱਤੇ ਆਇਆ ਸ਼ੇਰਾਂਵਾਲੀਏ,
ਰੱਖ ਲੈ ਗਰੀਬ ਜਾਣ ਕੇ ॥
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,

^ਅਕਬਰ ਰਾਜਾ ਜਦੋਂ, "ਦਰ ਉੱਤੇ ਆਇਆ ਸੀ" ।
^ਕਰਕੇ ਮੇਹਰ ਮਾਂ ਤੂੰ, "ਚਰਨੀ ਲਗਾਇਆ ਸੀ" ॥
ਤੇਰੀ ਕਿਰਪਾ ਸੀ, ਓਹਦੇ ਉੱਤੇ ਹੋਈ,
ਰੱਖ ਲੈ ਗਰੀਬ ਜਾਣ ਕੇ ।
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,F

^ਫੁੱਲਾਂ ਤੋਂ ਵਗੈਰ ਕਦੇ, "ਸੋਹੰਦੀਆਂ ਨਾ ਟਾਹਣੀਆਂ" ।
^ਕਿੰਨੀਆਂ ਨੂੰ ਤਾਰਿਆ ਤੂਹਾਂ, "ਗਿਣੀਆਂ ਨਾ ਜਾਣੀਆਂ" ॥
ਜੋ ਵੀ ਮੰਗੇ ਕੁਝ, ਦੇਵੇਂ ਓਹਨੂੰ ਸੋਈ,
ਰੱਖ ਲੈ ਗਰੀਬ ਜਾਣ ਕੇ ।
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,F

^ਸੋਹਣੇ ਸੋਹਣੇ ਭਵਨਾਂ 'ਚ, "ਜੋਤ ਸੱਚੀ ਜੱਗਦੀ" ।
^ਆਸ ਤੇ ਮੁਰਾਦ ਪੂਰੀ, "ਕਰਦੀ ਤੂੰ ਸਭ ਦੀ" ॥
ਤੇਰੇ ਦਰੋਂ, ਮੁੜਦਾ ਨਾ ਖ਼ਾਲੀ ਕੋਈ,
ਰੱਖ ਲੈ ਗਰੀਬ ਜਾਣ ਕੇ ।
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,F

^ਜਦ ਤੱਕ ਸਾਹ ਹੈ ਮਾਂਏਂ, "ਨਾਮ ਤੇਰਾ ਜੱਪਣਾ" ।
^ਸੋਹਣੀ ਨੇ ਦਹਿਲੀਜ਼ਾਂ ਉੱਤੇਂ, "ਸਿਰ ਨਹੀਂਓਂ ਚੁੱਕਣਾ" ॥
ਮਿਲੀ ਦਰ ਤੇਰੇ, ਆ ਕੇ ਓਹਨੂੰ ਢੋਈ ,
ਰੱਖ ਲੈ ਗਰੀਬ ਜਾਣ ਕੇ ।
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/24999/title/mera-kam-na-pahada-vich-koi

अपने Android मोबाइल पर BhajanGanga App डाउनलोड करें और भजनों का आनंद ले |